## ਹੋਰ ਇਲਾਜ

ਬਹੁਤੇ ਬੱਚਿਆਂ ਨੂੰ ਕੰਨ ਦੀ ਇਨਫੈਕਸ਼ਨ ਇਕ ਤੋਂ ਜ਼ਿਆਦਾ ਵਾਰੀ ਹੁੰਦੀ ਹੈ। ਕਈਆਂ ਦੀ ਇਨਫੈਕਸ਼ਨ ਜ਼ਿਆਦਾ ਸਮਾਂ ਰਹਿਣ ਵਾਲੀ ਹੁੰਦੀ ਹੈ।

- ਤੁਹਾਡੇ ਬੱਚੇ ਨੂੰ ਕੰਨਾਂ, ਨੱਕ ਅਤੇ ਗਲ਼ੇ ਦੇ ਸਪੈਸ਼ਲਿਸਟ ਡਾਕਟਰ ਕੋਲ ਲਿਜਾਣ ਦੀ ਲੋੜ ਪੈ ਸਕਦੀ ਹੈ। ਕਦੇ ਕਦੇ ਸਪੈਸ਼ਲਿਸਟ ਇਹ ਸੁਝਾਅ ਦਿੰਦਾ ਹੈ ਕਿ ਬੱਚੇ ਦੇ ਕੰਨ ਦੇ ਪਰਦੇ ਵਿਚ ਇਕ ਛੋਟੀ ਟਿਊਬ ਪਾਈ ਜਾਵੇ। ਇਸ ਟਿਊਬ ਨਾਲ ਕੰਨ ਦੇ ਵਿਚਕਾਰਲੇ ਹਿੱਸੇ ਵਿਚ ਹਵਾ ਜਾਣ ਵਿਚ ਮਦਦ ਮਿਲੇਗੀ ਤਾਂ ਜੋ ਉੱਥੇ ਪਾਣੀ ਨਾ ਜਮ੍ਹਾਂ ਹੋਵੇ।
- ਕੁਝ ਬੱਚਿਆਂ ਨੂੰ ਅਧਿਆਪਕ ਤੋਂ ਵਾਧੂ ਮਦਦ ਦੀ ਲੋੜ ਪੈ ਸਕਦੀ ਹੈ। ਸੁਣਨ-ਸ਼ਕਤੀ ਦਾ ਥੋੜ੍ਹਾ ਜਿਹਾ ਨੁਕਸਾਨ ਵੀ ਬੱਚੇ ਲਈ ਸਿੱਖਣਾ ਔਖਾ ਬਣਾਉਂਦਾ ਹੈ।
- ਇਹ ਦੇਖਣ ਲਈ ਸੁਣਨ-ਸ਼ਕਤੀ ਦੁਬਾਰਾ ਚੈੱਕ ਕੀਤੀ ਜਾਣੀ ਚਾਹੀਦੀ ਹੈ ਕਿ ਕੀ ਇਹ ਮੁੜ ਕੇ ਆਮ ਵਾਂਗ ਹੋ ਗਈ ਹੈ।



**ਬਹੁਤ ਛੋਟੇ ਬਾਲਾਂ ਦੀ ਸੁਣਨ-ਸ਼ਕਤੀ ਦੇ ਟੈੱਸਟ ਵੀ ਹੋ ਸਕਦੇ ਹਨ।**

## ਸੁਣਨ-ਸ਼ਕਤੀ ਦੇ ਟੈੱਸਟ

ਵੈਨਕੂਵਰ ਦੇ ਵਸਨੀਕ 0-9 ਸਾਲ ਦੇ ਬੱਚਿਆਂ ਦੀ ਸੁਣਨ-ਸ਼ਕਤੀ ਦੇ ਮੁਫਤ ਟੈੱਸਟ, ਆਡਿਓਲੋਜੀ ਸੈਂਟਰ, ਤੀਜੀ ਮੰਜ਼ਲ, 999 ਵੈੱਸਟ ਬਰੌਡਵੇਅ, ਵੈਨਕੂਵਰ ਵਿਚ ਕੀਤੇ ਜਾਂਦੇ ਹਨ।

ਅਪੌਇੰਟਮੈਂਟ ਬਣਾਉਣ ਲਈ 604-659-1100 ਤੇ ਫੋਨ ਕਰੋ।



Vancouver Coastal Health

*Promoting wellness. Ensuring care.*

ਹੋਰ ਕਾਪੀਆਂ ਲੈਣ ਲਈ, **http://vch.eduhealth.ca** ’ਤੇ ਵੈੱਬਸਾਈਟ ਦੇਖੋ ਜਾਂ **phem@vch.ca** ’ਤੇ ਈਮੇਲ ਕਰੋ ਅਤੇ ਕੈਟਾਲੌਗ ਨੰਬਰ **HED.580.PU ਦੱਸੋ।**

© Vancouver Coastal Health, 2008/10

ਇਸ ਲਿਖਤ ਵਿਚਲੀ ਜਾਣਕਾਰੀ ਸਿਰਫ ਉਸ ਵਿਅਕਤੀ ਲਈ ਹੈ ਜਿਸ ਨੂੰ ਇਹ ਹੈਲਥ ਕੇਅਰ ਟੀਮ ਵਲੋਂ ਦਿੱਤੀ ਗਈ ਹੈ।

www.vch.ca

# ਕੰਨ ਦੇ ਵਿਚਕਾਰਲੇ ਹਿੱਸੇ ਦੀਆਂ ਸਮੱਸਿਆਵਾਂ

## Middle Ear Problems



# ਕੰਨ ਦੇ ਵਿਚਕਾਰਲੇ ਹਿੱਸੇ ਦੀਆਂ ਸਮੱਸਿਆਵਾਂ

ਅੱਗੇ ਦਿੱਤੀ ਤਸਵੀਰ ਵਿਚ ਕੰਨ ਦੇ ਇਕ ਹਿੱਸੇ ਦੁਆਲੇ ਗੋਲ ਦਾਇਰਾ ਹੈ। ਕੰਨ ਦੇ ਇਸ ਹਿੱਸੇ ਨੂੰ ਕੰਨ ਦਾ ਵਿਚਕਾਰਲਾ ਹਿੱਸਾ ਕਿਹਾ ਜਾਂਦਾ ਹੈ। ਕਦੀ ਕਦੀ ਕੰਨ ਦੇ ਪਰਦੇ ਦੇ ਪਿਛਲੇ ਪਾਸੇ ਪਾਣੀ ਜਮ੍ਹਾਂ ਹੋ ਜਾਂਦਾ ਹੈ। ਇਸ ਵਿਚ ਇਨਫੈਕਸ਼ਨ ਹੋ ਸਕਦੀ ਹੈ। ਇਸ ਨਾਲ ਸੁਣਨਾ ਘੱਟ ਸਕਦਾ ਹੈ। ਕੰਨ ਦੇ ਵਿਚਕਾਰਲੇ ਹਿੱਸੇ ਦੀਆਂ ਇਨ੍ਹਾਂ ਸਮੱਸਿਆਵਾਂ ਨੂੰ ਓਟੀਟਿਸ ਮੀਡੀਆ ਕਿਹਾ ਜਾਂਦਾ ਹੈ।

# ਲੱਛਣ ਅਤੇ ਨਿਸ਼ਾਨੀਆਂ

ਇਹ ਪਤਾ ਲਾਉਣਾ ਔਖਾ ਹੋ ਸਕਦਾ ਹੈ ਕਿ ਕੀ ਬੱਚੇ ਨੂੰ ਕੰਨ ਦੀ ਸਮੱਸਿਆ ਹੈ। ਇਨ੍ਹਾਂ ਨਿਸ਼ਾਨੀਆਂ ਤੇ ਨਿਗ੍ਹਾ ਰੱਖੋ:

- ਕੰਨ ਨੂੰ ਖਿੱਚਣਾ
- ਕੰਨ ਵਿਚ ਦਰਦ
- ਬੁਖਾਰ ਜਾਂ ਠੰਢ ਲੱਗਣਾ
- ਆਮ ਵਾਂਗ ਸੁਣਾਈ ਨਾ ਦੇਣਾ
- ਲੱਗਦਾ ਹੈ ਕਿ ਬੱਚਾ ਧਿਆਨ ਨਹੀਂ ਦਿੰਦਾ
- ਦੂਜੇ ਬੱਚਿਆਂ ਨਾਲੋਂ ਦੇਰ ਨਾਲ ਬੋਲਣਾ ਸ਼ੁਰੂ ਕਰਦਾ ਹੈ
- ਵਤੀਰੇ ਦੀਆਂ ਸਮੱਸਿਆਵਾਂ
- ਚਿੜਚਿੜਾਪਣ

(ਸਾਰੇ ਬੱਚਿਆਂ ਵਿਚ ਇਕੋ ਜਿਹੀਆਂ ਨਿਸ਼ਾਨੀਆਂ ਦਿਖਾਈ ਨਹੀਂ ਦਿੰਦੀਆਂ)

**ਕੰਨ ਦੇ ਵਿਚਕਾਰਲੇ ਹਿੱਸੇ ਦੀਆਂ ਸਮੱਸਿਆਵਾਂ ਬਹੁਤ ਆਮ ਹਨ। 80-90 ਫੀਸਦੀ ਬੱਚਿਆਂ ਨੂੰ ਘੱਟੋ ਘੱਟ ਇਕ ਵਾਰੀ ਕੰਨ ਦੇ ਵਿਚਕਾਰਲੇ ਹਿੱਸੇ ਦੀ ਸਮੱਸਿਆ ਜ਼ਰੂਰ ਆਵੇਗੀ।**




## ਕੰਨ ਦੇ ਹਿੱਸੇ

# ਇਲਾਜ

- ਜੇ ਤੁਹਾਨੂੰ ਲੱਗੇ ਕਿ ਤੁਹਾਡੇ ਬੱਚੇ ਨੂੰ ਕੰਨ ਦੀ ਇਨਫੈਕਸ਼ਨ ਹੈ ਤਾਂ ਬੱਚੇ ਨੂੰ ਫੌਰਨ ਡਾਕਟਰ ਕੋਲ ਲਿਜਾਉ।
- ਇਨਫੈਕਸ਼ਨ ਵਾਲਾ ਕੰਨ ਆਮ ਤੌਰ ਤੇ ਡਾਕਟਰ ਦੀ ਦਵਾਈ ਨਾਲ ਠੀਕ ਕੀਤਾ ਜਾ ਸਕਦਾ ਹੈ।
- ਸਾਰੀ ਦਵਾਈ ਦੇ ਦੇਣ ਤੋਂ ਬਾਅਦ ਫਿਰ ਡਾਕਟਰ ਕੋਲ ਜਾਉ। ਇਹ ਪੱਕਾ ਕਰਨਾ ਜ਼ਰੂਰੀ ਹੈ ਕਿ ਪੀਕ ਜਾਂ ਇਨਫੈਕਸ਼ਨ ਹਟ ਗਏ ਹਨ।
- ਕੰਨ ਦੇ ਵਿਚਕਾਰਲੇ ਹਿੱਸੇ ਦੀ ਸਮੱਸਿਆ ਵਾਲੇ ਬੱਚੇ ਦੀ ਸੁਣਨ-ਸ਼ਕਤੀ ਦਾ ਟੈੱਸਟ ਕਰਨ ਦੀ ਲੋੜ ਹੋ ਸਕਦੀ ਹੈ। ਟੈੱਸਟ ਇਹ ਦਿਖਾਏਗਾ ਕਿ ਕਿਤੇ ਬੱਚੇ ਨੂੰ ਉੱਚਾ ਤਾਂ ਨਹੀਂ ਸੁਣਨ ਲੱਗ ਪਿਆ ਅਤੇ ਕੀ ਕੰਨ ਦਾ ਵਿਚਕਾਰਲਾ ਹਿੱਸਾ ਠੀਕ ਕੰਮ ਕਰ ਰਿਹਾ ਹੈ।
- ਸੁਣਨ-ਸ਼ਕਤੀ ਦਾ ਟੈੱਸਟ ਕਰਨ ਲਈ ਜਿਹੜਾ ਵਿਅਕਤੀ ਸੱਭ ਤੋਂ ਵੱਧ ਢੁਕਵਾਂ ਹੈ ਉਸ ਨੂੰ ਆਡਿਓਲੋਜਿਸਟ ਕਿਹਾ ਜਾਂਦਾ ਹੈ। ਉਨ੍ਹਾਂ ਕੋਲ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਨੂੰ ਟੈੱਸਟ ਕਰਨ ਦੀ ਟਰੇਨਿੰਗ ਹੁੰਦੀ ਹੈ।

ਜਾਰੀ ਰਹਿਣ ਵਾਲੀਆਂ ਸਮੱਸਿਆਵਾਂ ਤੋਂ ਰੋਕਥਾਮ ਕਰਨ ਲਈ ਇਲਾਜ ਜ਼ਰੂਰੀ ਹੈ।

**ਬੱਚਿਆਂ ਵਿਚ ਸੁਣਨ-ਸ਼ਕਤੀ ਦਾ ਘਟਣਾ ਉਨ੍ਹਾਂ ਲਈ ਸਿੱਖਣਾ ਅਤੇ ਆਮ ਬੋਲੀ ਵਿਕਸਤ ਕਰਨਾ ਔਖਾ ਬਣਾਉਂਦਾ ਹੈ।**